**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

ਮੀਮੋ ਨੰ ਸਸਅ/ਕੋਆਰਡੀਨੇਸ਼ਨ/ **38409**
ਮਿਤੀ ਚੰਡੀਗੜ੍ਹ 24 ਮਈ, 2010

ਵਿਸ਼ਾ ਮੈਡਿਕਲ ਪ੍ਰਤਿਪੂਰਤੀ ਦੇ ਕੇਸਾਂ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਮਹੀਨਾਵਾਰ ਮੀਟਿੰਗਾਂ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਉਹਨਾਂ ਵੱਲੋਂ ਮੈਡਿਕਲ ਪ੍ਰਤਿਪੂਰਤੀ ਦੇ ਕੇਸ ਡੀ.ਪੀ.ਆਈ. (ਸੈ.ਸਿ.), ਡੀ.ਪੀ.ਆਈ. (ਐ.ਸਿ.) ਦਫਤਰਾਂ ਵਿੱਚ ਭੇਜੇ ਜਾਂਦੇ ਹਨ । ਇਨ੍ਹਾਂ ਵਿੱਚੋਂ ਕੁੱਝ ਕੇਸ ਸਰਕਾਰ ਨੂੰ ਵੀ ਡੀ.ਪੀ.ਆਈ. ਦਫਤਰਾਂ ਵੱਲੋਂ ਲੋੜੀਂਦੀ ਪ੍ਰਵਾਨਗੀ ਲਈ ਭੇਜੇ ਜਾਂਦੇ ਹਨ । ਇਸ ਮਾਮਲੇ ਨੂੰ ਸਰਕਾਰ ਅਧੀਨ ਬ੍ਰਾਂਚਾਂ ਵੱਲੋਂ ਕੀਤੀ ਗਈ ਕਾਰਵਾਈ ਨੂੰ ਘੋਖਿਆ ਗਿਆ ਹੈ ਅਤੇ ਇਹ ਪਾਇਆ ਗਿਆ ਹੈ ਕਿ ਇਨ੍ਹਾਂ ਕੇਸਾਂ ਦੀ ਇਸ ਪੱਧਰ ਤੇ ਕੋਈ ਪੈਂਡੈਂਸੀ ਨਹੀਂ ਹੈ । ਹੋ ਸਕਦਾ ਹੈ ਕਿ ਇਨ੍ਹਾਂ ਕੇਸਾਂ ਵਿੱਚ ਡੀ.ਪੀ.ਆਈ. ਦਫਤਰਾਂ ਵਿੱਚ ਲੰਬਤ ਪਏ ਰਹਿੰਦੇ ਹੋਣ ।

3.0 ਇਸ ਲਈ ਆਪ ਜੀ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜਦੋਂ ਵੀਂ ਮੈਡਿਕਲ ਪ੍ਰਤਿਪੂਰਤੀ ਦੇ ਕੇਸ ਲੋੜੀਂਦੀ ਕਾਰਵਾਈ ਹਿੱਤ ਡੀ.ਪੀ.ਆਈ. ਜਾਂ ਸਰਕਾਰ ਨੂੰ (ਡੀ.ਪੀ.ਆਈ. ਦੇ ਰਾਹੀਂ) ਭੇਜੇ ਜਾਂਦੇ ਹਨ ਤਾਂ ਉਸ ਦਾ ਇਕ ਉਤਾਰਾ ਸਿੱਧੇ ਤੌਰ ਤੇ ਸਰਕਾਰ ਨੂੰ ਯਾਨੀ ਇਸ ਦਫਤਰ ਨੂੰ ਵੀ ਭੇਜਿਆ ਜਾਵੇ ਤਾਂ ਜੋ ਇਨ੍ਹਾਂ ਕੇਸਾਂ ਦੀ ਪੈਰਵੀ ਠੀਕ ਤਰੀਕੇ ਨਾਲ ਕੀਤੀ ਜਾ ਸਕੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ ਸੁਪਰਡੰਟ ਸਿੱਖਿਆ 7